# PC–3902/ML

**X–21/2051**

ਪੰਜਾਬੀ ਲਾਜ਼ਮੀ–201

(Semester–II)

Time : Three Hours] [Maximum Marks : 75

ਭਾਗ–ੳ

I. 'ਉਮਰ ਲੰਮੀ ਹੋ ਸਕਦੀ ਹੈ' ਨਿਬੰਧ ਦਾ ਸਾਰ ਲਿਖੋ।

ਜਾਂ

'ਮੇਰਾ ਕਮਰਾ ਪਿੱਤਲ ਦੀ ਕੜ੍ਹਾਹੀ' ਨਿਬੰਧ ਦਾ ਵਿਸ਼ਾ-ਵਸਤੂ ਕੀ ਹੈ? ਵਿਚਾਰ ਕਰੋ।

ਜਾਂ

ਪ੍ਰੀਤਮ ਸਿੱਧੂ ਦੇ ਜੀਵਨ ਤੇ ਸਾਹਿਤ ਰਚਨਾ ਉਤੇ ਨੋਟ ਲਿਖੋ। 12

II. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉੱਤਰ ਲਿਖੋ :

1. ਕਿਰਤ ਨਿਬੰਧ ਦਾ ਲੇਖਕ ਕੌਣ ਹੈ? ਇਸ ਨਿਬੰਧ ਦਾ ਉਦੇਸ਼ ਕੀ ਹੈ?
2. ਪੁਰਾਣੇ ਪੰਜਾਬ ਦੇ ਲੋਕਾਂ ਦਾ ਰਹਿਣ-ਸਹਿਣ ਕਿਹੋ ਜਿਹਾ ਸੀ?
3. 'ਦਾਸ ਮਲੂਕਾ ਯੂੰ ਕਹੇ' ਨਿਬੰਧ ਦਾ ਕੇਂਦਰੀ ਭਾਵ ਕੀ ਹੈ?
4. ਸੋਮਵਾਰ ਦੀ ਸਵੇਰ ਨੂੰ ਦੇਸੀ ਬੀਬੀਆਂ ਦੀ ਹਾਲਤ ਕਿਹੋ ਜਿਹੀ ਹੁੰਦੀ ਹੈ?
5. 'ਟਾਪੂ' ਤੋਂ ਕੀ ਭਾਵ ਹੈ? ਅੰਡੇਮਾਨ ਨਿਕੋਬਾਰ ਦੀ ਧਰਤੀ ਤੇ ਕੁੱਲ ਕਿੰਨੇ ਟਾਪੂ ਹਨ?

2×6=12

ਭਾਗ–ਅ

III. ਬੈਂਕ ਨੂੰ ਚੈਕ ਦੀ ਅਦਾਇਗੀ ਰੋਕਣ ਲਈ ਪੱਤਰ ਲਿਖੋ।

ਜਾਂ

ਆਪਣੇ ਜ਼ਿਲ੍ਹੇ ਦੇ ਇਨਕਮ ਟੈਕਸ ਅਫਸਰ ਨੂੰ ਪੱਤਰ ਲਿਖੋ, ਜਿਸ ਵਿਚ ਆਪਣੇ ਵੱਲੋਂ ਜਮ੍ਹਾਂ ਕਰਾਏ ਟੈਕਸ ਨੂੰ ਰੀਫੰਡ ਕਰਨ ਲਈ ਬੇਨਤੀ ਕਰੋ।

ਜਾਂ

ਤੁਹਾਡਾ ਖਰੀਦਿਆ ਕੂਲਰ ਠੀਕ ਨਹੀਂ ਚੱਲ ਰਿਹਾ। ਵਿਕ੍ਰੇਤਾ ਨੂੰ ਪੱਤਰ ਲਿਖ ਕੇ ਕੂਲਰ ਬਦਲਣ ਲਈ ਕਹੋ। 9

IV. ਸ਼ਬਦ-ਰਚਨਾ ਦੀ ਪਰਿਭਸ਼ਾ ਅਤੇ ਮੁੱਢਲੇ ਸੰਕਲਪਾਂ ਬਾਰੇ ਨੋਟ ਲਿਖੋ।

ਜਾਂ

ਉਪਭਾਸ਼ਾ ਕੀ ਹੁੰਦੀ ਹੈ? ਭਾਸ਼ਾ ਅਤੇ ਉਪਭਾਸ਼ਾ ਦੇ ਅੰਤਰ ਸਬੰਧਾਂ ਉਪਰ ਨੋਟ ਲਿਖੋ।

12

ਭਾਗ–ੲ

V. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਕਿਰਤ ਨਿਬੰਧ ਦਾ ਲੇਖਕ ਕੌਣ ਹੈ?
2. ਘਰ ਦੇ ਪਿਆਰ ਤੋਂ ਕਿਹੜੇ ਮਾਨਵੀ ਗੁਣ ਪੈਦਾ ਹੁੰਦੇ ਹਨ?
3. ਮਨ ਦੀ ਕੰਗਾਲਤਾ ਕਦੋਂ ਹੁੰਦੀ ਹੈ?
4. ਅੱਥਰੂ ਨਿਬੰਧ ਦਾ ਲੇਖਕ ਕੌਣ ਹੈ ਤੇ ਇਹ ਨਿਬੰਧ ਉਦ ਦੇ ਕਿਹੜੇ ਨਿਬੰਧ ਸੰਗ੍ਰਹਿ ਵਿਚੋਂ ਲਿਆ ਗਿਆ ਹੈ?
5. 'ਚੋਣਵੇਂ ਪੰਜਾਬੀ ਨਿਬੰਧ' ਪੁਸਤਕ ਵਿਚ ਪ੍ਰੀਤਮ ਸਿੱਧੂ ਦਾ ਲਿਖਿਆ ਲੇਖ ਕਿਹੜਾ ਹੈ?

6. 'ਸੜਕ ਪਾਰ ਕਰਦਾ ਬੁਢੇਪਾ' ਨਿਬੰਧ ਵਿਚ ਕੀ ਦੱਸਿਆ ਗਿਆ ਹੈ?
7. 'ਦੋਸਤੀ ਦੀ ਮਹਿਕ' ਨਿਬੰਧ ਵਿਚ ਲੇਖਕ ਦੋਸਤੀ ਦਾ ਆਧਾਰ ਕੀ ਮੰਨਦਾ ਹੈ?
8. ਵਿਕਾਰੀ ਸ਼ਬਦ ਕਿਹੜੇ ਹੁੰਦੇ ਹਨ?
9. ਸਮਾਸੀ ਸ਼ਬਦ ਕਿਹੜੇ ਹੁੰਦੇ ਹਨ?
10. 'ਬੇ' ਅਗੇਤਰ ਦੀ ਵਰਤੋਂ ਨਾਲ ਚਾਰ ਸ਼ਬਦ ਬਣਾਓ।
11. ਧਾਤੂ ਜਾਂ ਮੂਲ ਰੂਪ ਕੀ ਹੁੰਦਾ ਹੈ?
12. ਭਾਸ਼ਾ ਦੀ ਪਰਿਭਾਸ਼ਾ ਲਿਖੋ।
13. ਪੰਜਾਬ ਵਿਚ ਕਿਹੜੀਆਂ ਉਪਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ?
14. ਮਲਵਈ ਉਪਭਾਸ਼ਾ ਕਿਹੜੇ ਇਲਾਕੇ ਵਿਚ ਬੋਲੀ ਜਾਂਦੀ ਹੈ?
15. ਮਾਝੀ ਉਪਭਾਸ਼ਾ ਦੇ ਚਾਰ ਸ਼ਬਦ ਲਿਖੋ।

$15 \times 2 = 30$

---